# ਗ੍ਰੇਡ 11



# ਤੁਹਾਡੇ ਬੱਚੇ ਦੀ ਤਰੱਕੀ

## ਸਕੂਲੀ ਵਰ੍ਹੇ 2017-18 ਲਈ ਪੜ੍ਹਾਈ ਦੇ ਮਿਆਰ

ਵਾਸ਼ਿੰਗਟਨ ਦੇ **K–12** ਪੜ੍ਹਾਈ ਦੇ ਮਿਆਰ ਹਨ ਜੋ ਅਜਿਹੀ ਜਾਣਕਾਰੀ ਅਤੇ ਹੁਨਰਾਂ ਨੂੰ ਪਰਿਭਾਸ਼ਤ ਕਰਦੇ ਹਨ ਜਿਹਨਾਂ ਦੀ ਲੋੜ ਹਰੇਕ ਵਿਦਿਆਰਥੀ ਨੂੰ ਹਾਈ ਸਕੂਲ ਮੁਕੰਮਲ ਕਰਨ ਤੋਂ ਬਾਅਦ ਕਰੀਅਰ, ਕਾਲਜ ਅਤੇ ਜ਼ਿੰਦਗੀ ਲਈ ਤਿਆਰ ਹੋਣ ਵਾਸਤੇ ਪੈਂਦੀ ਹੈ।

ਹੇਠਾਂ **11ਵੇਂ** ਗ੍ਰੇਡ ਲਈ ਵਾਸ਼ਿੰਗਟਨ ਦੇ ਪੜ੍ਹਾਈ ਦੇ ਮੁੱਖ ਟੀਚਿਆਂ ਦੀਆਂ ਸੰਖੇਪ ਉਦਾਹਰਨਾਂ ਦਿੱਤੀਆਂ ਗਈਆਂ ਹਨ। ਵਧੇਰੇ ਪੂਰਨ ਜਾਣਕਾਰੀ ਲਈ, ਇਸ ਵੈਬਸਾਈਟ 'ਤੇ ਜਾਓ:

**www.YourChildsProgress.com**

- **ਕਲਾਵਾਂ।** ਇਸ ਬਾਰੇ ਸਮਝਣਾ ਕਿ ਨ੍ਰਿਤ ਸੱਭਿਆਚਾਰ ਨਾਲ ਕਿਵੇਂ ਸਬੰਧਤ ਹੁੰਦਾ ਹੈ; ਸੰਗੀਤਕ ਚੋਣਾਂ ਕਰਨੀਆਂ, ਥਿਏਟਰ ਸਬੰਧੀ ਗਿਆਨ ਨੂੰ ਅਮਲ ਵਿੱਚ ਲਿਆਉਣਾ; ਕਲਾਤਮਕ ਸ਼ੈਲੀ ਦਾ ਵਿਕਾਸ ਕਰਨਾ।
- **ਵਿੱਦਿਅਕ ਤਕਨੀਕ।** ਆਨਲਾਈਨ ਸਿਮੁਲੇਸ਼ਨ ਵਿੱਚ ਭਾਗ ਲੈਣਾ ਜੋ ਮੌਜੂਦਾ ਕੌਮਾਂਤਰੀ ਚਿੰਤਾ ਬਾਰੇ ਪੜਤਾਲ ਕਰਦੀ ਹੈ।
- **ਅੰਗਰੇਜ਼ੀ ਭਾਸ਼ਾ ਕਲਾਵਾਂ (ELA)।** ਵਿਸ਼ਲੇਸ਼ਣ, ਚਿੰਤਨ ਅਤੇ ਖੋਜ ਦੀ ਸਹਾਇਤਾ ਲਈ ਸਾਹਿਤਕ ਜਾਂ ਸੂਚਨਾਤਮਕ ਟੈਕਸਟਾਂ ਤੋਂ ਸਬੂਤ ਦਾ ਮੁਲਾਂਕਣ ਕਰਨਾ ਅਤੇ ਇਸ ਨੂੰ ਪ੍ਰਾਪਤ ਕਰਨਾ।
- **ਸਿਹਤ ਅਤੇ ਸਰੀਰਕ ਸਿੱਖਿਆ।** ਵਿਅਕਤੀਗਤ ਸਿਹਤ/ਸਰੀਰਕ ਸਿੱਖਿਆ ਯੋਜਨਾ ਅਤੇ ਸਿਹਤ-ਸਾਖਰਤਾ ਹੁਨਰਾਂ ਦਾ ਵਿਕਾਸ ਕਰਨਾ ਜੋ ਬਾਲਗ ਬਣਨ ਤਕ ਜਾਰੀ ਰਹਿਣਗੇ।
- **ਗਣਿਤ।** ਹਾਈ ਸਕੂਲ ਦੇ ਵਿਦਿਆਰਥੀ ਖਾਸ ਤੌਰ 'ਤੇ ਐਲਜਬਰਾ I, ਜਿਓਮੈਟਰੀ ਅਤੇ ਐਲਜਬਰਾ II ਲੈਂਦੇ ਹਨ। ਉਹ ਅਸਲ-ਦੁਨੀਆ ਦੀ ਸਥਿਤੀ ਦੀ ਉਦਾਹਰਣ ਲੈਂਦੇ ਹਨ, ਆਸਾਨ ਅਤੇ ਗੁੰਝਲਦਾਰ ਫਲਨਾਂ ਦੀ ਤੁਲਨਾ ਕਰਦੇ ਹਨ, ਅਤੇ ਰੇਖਾ-ਗਣਿਤੀ ਤਬਦੀਲੀਆਂ ਰਾਹੀਂ ਸਰਬੰਗਸਮਤਾ, ਇਕਰੂਪਤਾ ਅਤੇ ਸਮਰੂਪਤਾ ਬਾਰੇ ਸਿੱਖਦੇ ਹਨ।
- **ਵਿਗਿਆਨ।** ਪ੍ਰਮੁੱਖ ਅੰਤਰਰਾਸ਼ਟਰੀ ਚੁਣੌਤੀਆਂ ਅਤੇ ਸੰਭਾਵੀ ਨਿਪਟਾਰਿਆਂ ਦਾ ਵਿਸ਼ਲੇਸ਼ਣ ਕਰਨਾ; ਮਾਡਲਾਂ ਨੂੰ ਤਿਆਰ ਕਰਨਾ ਅਤੇ ਵਰਤਣਾ; ਪੜਤਾਲਾਂ ਦੀ ਯੋਜਨਾ ਬਣਾਉਣੀ ਅਤੇ ਸੰਚਾਲਨ ਕਰਨਾ; ਡੇਟੇ ਦਾ ਵਿਸ਼ਲੇਸ਼ਣ ਕਰਨਾ।
- **ਸਮਾਜਿਕ ਸਿੱਖਿਆ।** ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਅਮਰੀਕਾ ਦੀ ਰਾਜਨੀਤੀ ਸ਼ਾਸਤਰ, ਅਰਥਸ਼ਾਸਤਰ, ਭੂਗੋਲ ਅਤੇ ਇਤਿਹਾਸ ਦੀ ਪੜਤਾਲ ਕਰਨੀ।

ਵਾਸ਼ਿੰਗਟਨ ਕੋਲ **ਇੰਟੇਗ੍ਰੇਟਡ ਇਨਵਾਇਰਨਮੈਂਟ ਐਂਡ ਸਸਟੇਨੇਬਿਲਟੀ, ਵਰਲਡ ਲੈਂਗੁਏਜ਼ਸ, ਕੈਰੀਅਰ ਐਂਡ ਟੈਕਨੀਕਲ ਐਜੂਕੇਸ਼ਨ** (ਮਿਡਲ ਅਤੇ ਹਾਈ ਸਕੂਲ ਲਈ ਫਰੇਮਵਰਕ ਅਤੇ ਇੰਡਸਟਰੀ ਸਟੈਂਡਰਡ), **ਇੰਗਲਿਸ਼ ਲੈਂਗੂਏਜ ਪ੍ਰੋਫੀਸ਼ੈਂਸੀ** (ELA, ਗਣਿਤ ਅਤੇ ਵਿਗਿਆਨ ਵਿੱਚ) ਵੀ ਪੜ੍ਹਾਈ ਦੇ ਮਿਆਰ ਹਨ, ਇਸ ਤੋਂ ਇਲਾਵਾ **HIV ਅਤੇ ਸੈਕਸੁਅਲ ਸਿਹਤ** ਅਤੇ **ਅਰਲੀ ਲਰਨਿੰਗ** (ਜਨਮ ਤੋਂ ਤੀਜੇ ਗ੍ਰੇਡ ਤਕ) ਲਈ ਦਿਸ਼ਾ-ਨਿਰਦੇਸ਼ ਹਨ ਜੋ ਸਾਰੇ ਵਿਦਿਆਰਥੀਆਂ ਲਈ ਸੰਪੂਰਨ ਸਿੱਖਿਆ ਦੇ ਪੂਰਕ ਹੁੰਦੇ ਹਨ।

**ਵਿਸ਼ੇਸ਼ ਸਿੱਖਿਆ:** ਜਿਹੜੇ ਵਿਦਿਆਰਥੀ ਸੇਵਾਵਾਂ ਪ੍ਰਾਪਤ ਕਰਦੇ ਹਨ ਉਹਨਾਂ ਕੋਲ ਉਹਨਾਂ ਦੀਆਂ ਵਿਅਕਤੀਗਤ ਸਿੱਖਿਆ ਯੋਜਨਾਵਾਂ ਵਿੱਚ ਪਛਾਣ ਕੀਤੀਆਂ ਅਨੁਕੂਲਤਾਵਾਂ, ਸੰਸ਼ੋਧਨ ਅਤੇ ਸਹਾਇਤਾ ਹੁੰਦੀ ਹੈ।

**ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ:** ਜਿਹੜੇ ਵਿਦਿਆਰਥੀ ਅੰਗਰੇਜ਼ੀ ਬੋਲਣੀ ਸਿਖ ਰਹੇ ਹੁੰਦੇ ਹਨ ਉਹਨਾਂ ਕੋਲ ਭਾਸ਼ਾਈ ਮਹਾਰਤ ਦੇ ਮਿਆਰ ਹੁੰਦੇ ਹਨ ਜੋ ਸਮੁੱਚੇ ਵਿਸ਼ਿਆਂ ਦੀ ਪੜ੍ਹਾਈ ਦੀ ਯੋਜਨਾ ਬਣਾਉਣ ਵਿੱਚ ਅਧਿਆਪਕਾਂ ਦੀ ਮਦਦ ਕਰਦੇ ਹਨ ਜੋ ਹਰੇਕ ਵਿਦਿਆਰਥੀ ਦੇ ਭਾਸ਼ਾਈ ਵਿਕਾਸ ਦੇ ਪੱਧਰ ਲਈ ਢੁਕਵੀਂ ਹੁੰਦੀ ਹੈ।

### ਵਾਸ਼ਿੰਗਟਨ ਰਾਜ ਦੇ ਪੜ੍ਹਾਈ ਸੰਬੰਧੀ ਟੀਚੇ (Washington State Learning Goals)

ਵਾਸ਼ਿੰਗਟਨ ਰਾਜ ਦੇ ਵਿਧਾਨਕਾਰਾਂ ਨੇ ਰਾਜ ਵਿੱਚ ਅਕਾਦਮਿਕ ਪੜ੍ਹਾਈ ਦੇ ਸਾਰੇ ਮਿਆਰਾਂ ਦੇ ਵਿਕਾਸ ਵਾਸਤੇ ਬੁਨਿਆਦ ਰੱਖਣ ਲਈ ਪੜ੍ਹਾਈ ਦੇ ਚਾਰ ਟੀਚੇ ਕਾਇਮ ਕੀਤੇ ਹਨ:

1. ਸਮਝ ਕੇ ਪੜ੍ਹੋ, ਪ੍ਰਭਾਵਸ਼ਾਲੀ ਢੰਗ ਨਾਲ ਲਿੱਖੋ, ਅਤੇ ਵੱਖੋ-ਵੱਖ ਤਰੀਕਿਆਂ ਅਤੇ ਸੈਟਿੰਗਸ ਨਾਲ ਅਤੇ ਵੱਖੋ-ਵੱਖ ਕਿਸਮਾਂ ਦੇ ਸ੍ਰੋਤਿਆਂ ਨਾਲ ਸਫਲਤਾਪੂਰਵਕ ਸੰਚਾਰ ਕਰੋ;
2. ਮੈਥੇਮੈਟਿਕਸ; ਸੋਸ਼ਲ, ਫ਼ਿਜ਼ਿਕਲ, ਅਤੇ ਲਾਈਫ ਸਾਇੰਸਜ਼; ਸਿਵਿਕਸ ਅਤੇ ਹਿਸਟਰੀ, ਜਿਸ ਵਿੱਚ ਵੱਖ-ਵੱਖ ਸਭਿਆਚਾਰਾਂ ਅਤੇ ਪ੍ਰਤੀਨਿਧ ਸਰਕਾਰ; ਜਿਓਗਰਫੀ; ਕਲਾ; ਅਤੇ ਸਿਹਤ ਅਤੇ ਫਿਟਨੈਸ ਦੀਆਂ ਮੂਲ ਧਾਰਣਾਵਾਂ ਅਤੇ ਸਿਧਾਤਾਂ ਬਾਰੇ ਜਾਣਨਾ ਅਤੇ ਉਹਨਾਂ ਨੂੰ ਅਮਲ ਵਿੱਚ ਭਾਗੀਦਾਰੀ ਸ਼ਾਮਲ ਹੈ;
3. ਵਿਵੇਕਪੂਰਣ ਫ਼ੈਸਲੇ ਲੈਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਸ਼ਲੇਸ਼ਣਾਤਮਕ, ਤਰਕਪੂਰਣ ਅਤੇ ਸਿਰਜਣਾਤਮਕ ਢੰਗ ਵਿੱਚ ਸੋਚਣਾ, ਅਤੇ ਤਕਨੀਕ ਦੀ ਪੜ੍ਹਾਈ ਅਤੇ ਰਵਾਨਗੀ ਅਤੇ ਨਾਲ ਹੀ ਵੱਖ-ਵੱਖ ਤਜਰਬਿਆਂ ਅਤੇ ਗਿਆਨ ਨੂੰ ਮਿਲਾਉਣਾ; ਅਤੇ
4. ਕੰਮ ਅਤੇ ਵਿੱਤ ਦੇ ਮਹੱਤਵ ਅਤੇ ਇਸ ਗੱਲ ਨੂੰ ਸਮਝਣਾ ਕਿ ਪ੍ਰਦਰਸ਼ਨ, ਕੋਸ਼ਿਸ਼ ਅਤੇ ਫ਼ੈਸਲੇ ਕਿਸ ਤਰ੍ਹਾਂ ਨਾਲ ਭਵਿੱਖ ਦੇ ਕੈਰੀਅਰ ਅਤੇ ਵਿਦਿਅਕ ਮੌਕਿਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ।

ਆਫ਼ਿਸ ਆਫ਼ ਸੁਪਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰਕਸ਼ਨ
(Office of Superintendent of Public Instruction)
www.k12.wa.us

ਸਤੰਬਰ 2017, ਪ੍ਰਕਾਸ਼ਨ ਸੰ. 17-0033

# ਵਾਸ਼ਿੰਗਟਨ ਵਿੱਚ ਰਾਜ ਟੈਸਟਿੰਗ

ਫੈਡਰਲ ਕਨੂੰਨ ਦੇ ਅਨੁਸਾਰ ਗ੍ਰੇਡ 3-8 ਵਿੱਚ ਵਿਦਿਆਰਥੀਆਂ ਦੀ ਸਲਾਨਾ ਜਾਂਚ ਅਤੇ ਹਾਈ ਸਕੂਲ ਵਿੱਚ ਅੰਗਰੇਜ਼ੀ ਭਾਸ਼ਾ ਕਲਾ (ELA) ਅਤੇ ਗਣਿਤ ਵਿੱਚ ਅਤੇ ਵਿੱਚ ਇੱਕ ਵਾਰ ਅਤੇ ਗ੍ਰੇਡ 5 ਅਤੇ 8 ਵਿੱਚ ਸਾਇੰਸ ਵਿੱਚ ਹਾਈ ਸਕੂਲ ਵਿੱਚ ਇੱਕ ਵਾਰ ਲੋੜੀਂਦੀ ਹੈ।

ਜ਼ਿਆਦਾਤਰ ਹਾਈ ਸਕੂਲ ਵਿਦਿਆਰਥੀ ਆਪਣੀਆਂ ਲੋੜਾਂ ਦੀ ਪੂਰਤੀ ਲਈ **ਸਮਾਰਟਰ ਬੈਲੰਸਡ (Smarter Balanced)** ELA ਅਤੇ ਗਣਿਤ ਅਤੇ **ਵਾਸ਼ੰਗਟਨ ਕੌਂਪਰੀਹੈਂਸਿਵ ਅਸੈੱਸ਼ਮੈਂਟ ਆਫ਼ ਸਾਇੰਸ (Washington Comprehensive Assessment of Science)** ਟੈਸਟਾਂ ਵਿੱਚ ਭਾਗ ਲੈਣਗੇ। ਟੈਸਟ ਉਪਕਰਣਾਂ, ਸਮਰਥਨਾਂ, ਜਾਂ ਅਨੁਕੂਲਤਾਵਾਂ ਸਮੇਤ ਜਾਂ ਇਨ੍ਹਾਂ ਤੋਂ ਬਿਨਾਂ ਲਏ ਜਾ ਸਕਦੇ ਹਨ।

ਵਾਸ਼ਿੰਗਟਨ ਰਾਜ ਲਈ ਇਹ ਵੀ ਲੋੜੀਂਦਾ ਹੈ ਕਿ ਵਿਦਿਆਰਥੀ ਹਾਈ ਸਕੂਲ ਤੋਂ ਪਾਸ ਹੋਣ ਵਾਸਤੇ ਯੋਗਤਾ ਪੂਰੀ ਕਰਨ ਲਈ ਖਾਸ ਟੈਸਟਾਂ ਨੂੰ ਪਾਸ ਕਰਨ। ਜੇਕਰ ਕੋਈ ਵਿਦਿਆਰਥੀ ਗ੍ਰੈਜੂਏਸ਼ਨ ਲਈ ਲੋੜੀਂਦੇ ਇੱਕ ਜਾਂ ਵੱਧ ਟੈਸਟਾਂ ਦੇ ਮਿਆਰ ਪੂਰੇ ਨਹੀਂ ਕਰਦਾ, ਉਹ ਦੁਬਾਰਾ ਟੈਸਟ ਲੈ ਸਕਦਾ/ਸਕਦੀ ਹੈ, ਜਾਂ ਰਾਜ-ਪ੍ਰਮਾਣਿਤ ਵਿਕਲਪ ਲੈ ਸਕਦਾ/ਸਕਦੀ ਹੈ।

ਆਪਣੇ ਇੰਡਿਵੀਜੁਅਲਾਈਜ਼ਡ ਐਜੂਕੇਸ਼ਨ ਪ੍ਰੋਗਰਾਮ (IEP) ਵਿੱਚ ਦਰਜ ਮਹੱਤਵਪੂਰਨ ਬੌਧਿਕ ਚੁਣੌਤੀਆਂ ਵਾਲੇ ਵਿਦਿਆਰਥੀ ELA, ਗਣਿਤ, ਅਤੇ ਸਾਇੰਸ ਵਿੱਚ ਵਾਸ਼ਿੰਗਟਨ – ਐਕਸੈੱਸ ਟੂ ਇੰਸਟ੍ਰਕਸ਼ਨ ਐਂਡ ਮੇਜ਼ਰਮੈਂਟ (WA-AIM) ਲੈਂਦੇ ਹਨ।

## 2019 ਦੀ ਕਲਾਸ

### ਗ੍ਰੈਜੂਏਸ਼ਨ ਲਈ ਲੋੜੀਂਦੇ ਟੈਸਟ

*(ਪ੍ਰਤੀ ਵਿਸ਼ਾ ਇੱਕ ਚੋਣ ਕਰੋ)*

**ਇੰਗਲਿਸ਼ ਲੈਂਗਵੇਜ਼ ਆਰਟਸ**

- ਸਮਾਰਟਰ ਬੈਲੈਂਸਡ ELA ਟੈਸਟ
- WA-AIM

**ਗਣਿਤ**

- ਐਲਜਬਰਾ I ਜਾਂ ਜਮੈਟਰੀ EOC ਇਮਤਿਹਾਨ
- ਸਮਾਰਟਰ ਬੈਲੇਂਸਡ (Smarter Balanced) ਗਣਿਤ ਟੈਸਟ
- WA-AIM

ਰਾਜ ਦੇ ਇਮਤਿਹਾਨ ਕਦੇ ਵੀ ਵਿਦਿਆਰਥੀ ਦੀਆਂ ਅਕਾਦਮਿਕ ਮਹਾਰਤਾਂ ਅਤੇ ਗਿਆਨ ਦੀ ਇੱਕਮਾਤਰ ਪਰਖ *ਨਹੀਂ* ਹੋਣੇ ਚਾਹੀਦੇ। ਜੇਕਰ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਜਾਂ ਸਕੂਲ ਨਾਲ ਸੰਪਰਕ ਕਰੋ।

K-12 ਗ੍ਰੇਡਾਂ ਵਿੱਚ ਅੰਗਰੇਜ਼ੀ ਬੋਲਣ ਦੀ ਸਿਖਲਾਈ ਸ਼ੁਰੂ ਕਰਨ ਵਾਲੇ ਵਿਦਿਆਰਥੀ 21ਵੀਂ ਸਦੀ (ELPA21) ਲਈ ਇੰਗਲਿਸ਼ ਲੈਂਗਵੇਜ ਪ੍ਰੋਫੀਸ਼ੈਂਸੀ ਅਸੈੱਸਮੈਂਟ (English Language Proficiency Assessment) ਵਿੱਚ ਸ਼ਾਮਲ ਹੋਣਗੇ। ਇਹ ਮੁਲਾਂਕਣ ਅੰਗਰੇਜ਼ੀ ਭਾਸ਼ਾ ਦੀਆਂ ਕੁਸ਼ਲਤਾਵਾਂ ਅਤੇ ਅੰਗਰੇਜ਼ੀ ਵਿੱਚ ਪੜ੍ਹਨ, ਲਿਖਣ, ਸੁਣਨ ਅਤੇ ਬੋਲਣ ਵਿੱਚ ਸਲਾਨਾ ਵਾਧੇ ਦਾ ਮਾਪ ਕਰਦਾ ਹੈ। ਜੋ ਵਿਦਿਆਰਥੀ ਅੰਗਰੇਜ਼ੀ ਭਾਸ਼ਾ ਪ੍ਰੋਗਰਾਮ ਸਹਿਯੋਗ ਸੇਵਾਵਾਂ ਪ੍ਰਾਪਤ ਕਰਨ ਲਈ ELPA21 ਦੇ ਯੋਗ ਹੋਣ ਤੇ ਉੱਭਰਦੇ ਜਾਂ ਤਰੱਕੀ ਕਰਨ ਦੇ ਇੱਕ ਪ੍ਰੋਫੀਸ਼ੈਂਸੀ ਪੱਧਰ ਪ੍ਰਾਪਤ ਕਰਦੇ ਹਨ।

## ਗ੍ਰੇਡ ਪੱਧਰ ਦੇ ਅਨੁਸਾਰ ਟੈਸਟ, 2017-18

| | ਤੀਜਾ | ਚੌਥਾ | ਪੰਜਵਾਂ | ਛੇਵਾਂ | ਸੱਤਵਾਂ | ਅੱਠਵਾਂ | ਨੌਵਾਂ | ਦੱਸਵਾਂ | ਗਿਆਰਵਾਂ | ਬਾਰ੍ਹਵਾਂ |
|---|---|---|---|---|---|---|---|---|---|---|
| ELA | ✓ | ✓ | ✓ | ✓ | ✓ | ✓ | | ✓ | 1 | 1 |
| ਗਣਿਤ | ✓ | ✓ | ✓ | ✓ | ✓ | ✓ | | ✓ | 1 | 1 |
| ਵਿਗਿਆਨ | | | ✓ | | | ✓ | | | ✓ | |

**ਟਿੱਪਣੀਆਂ:**

1. ਸਿਰਫ਼ ਤਾਂ ਹੀ ਜ਼ਰੂਰੀ ਜੇ ਵਿਦਿਆਰਥੀ ਨੇ ਰਾਜ ਦੇ ਮੁਲਾਂਕਣ ਵਿੱਚ ਪਾਸ ਹੋਣ ਦੀ ਲੋੜ ਪੂਰੀ ਨਹੀਂ ਕੀਤੀ ਹੈ।
2. **WA-AIM ELA** ਅਤੇ ਗਣਿਤ ਸਧਾਰਨ ਸਿੱਖਿਆ ਟੈਸਟ ਦੀ ਪਾਲਣਾ ਕਰਨਗੇ ਅਤੇ ਇਸਦਾ ਆਯੋਜਨ ਦੱਸਵੇਂ ਗ੍ਰੇਡ ਵਿੱਚ ਕੀਤਾ ਜਾਵੇਗਾ। **WA-AIM** ਸਾਇੰਸ ਗ੍ਰੇਡ 11 ਵਿੱਚ ਰਹੇਗਾ।

- ਇੰਗਲਿੰਸ਼ ਲੈਂਗੁਏਜ ਪ੍ਰੋਫੀਸ਼ੈਂਸੀ ਅਸੈੱਸਮੈਂਟ ਅੰਗਰੇਜ਼ੀ ਬੋਲਣਾ ਸਿੱਖਣ ਵਾਲੇ ਵਿਦਿਆਰਥੀਆਂ ਲਈ ਲਾਜ਼ਮੀ ਹੈ। ਵਿਦਿਆਰਥੀ ਸਹਿਯੋਗ ਪ੍ਰਾਪਤ ਕਰਨ ਦੇ ਯੋਗ ਹੋਣ ਲਈ ਟੈਸਟ ਦਿੰਦੇ ਹਨ। ਉਹ ਸਲਾਨਾ ਅਧਾਰ 'ਤੇ ਉਦੋਂ ਤਕ ਟੈਸਟ ਦੇਣਾ ਜਾਰੀ ਰੱਖਦੇ ਹਨ ਜਦੋਂ ਤਕ ਉਹ ਇੰਗਲਿੰਸ਼ ਲੈਂਗੁਏਜ ਪ੍ਰੋਫੀਸ਼ੈਂਸੀ ਤਕ ਨਹੀਂ ਪਹੁੰਚ ਜਾਂਦੇ।

## ਸਟੇਟ ਟੈਸਟਿੰਗ ਵਿੰਡੋਜ਼

*ਟੈਸਟਿੰਗ ਦਾ ਆਯੋਜਨ ਹੇਠਾਂ ਸੂਚਿਤ ਵਿੰਡੋਜ਼ ਦੇ ਅਨੁਸਾਰ ਕੀਤਾ ਜਾਂਦਾ ਹੈ। ਆਪਣੇ ਬੱਚੇ ਦੇ ਟੈਸਟਾਂ ਵਿੱਚ ਭਾਗ ਲੈਣ ਵਾਲੀਆਂ ਤਾਰੀਖਾਂ ਬਾਰੇ ਜਾਣਕਾਰੀ ਲਈ ਆਪਣੇ ਲੋਕਲ ਸਕੂਲ ਡਿਸਟ੍ਰਿਕਟ ਨਾਲ ਸੰਪਰਕ ਕਰੋ।*

| ਸਟੇਟ ਟੈਸਟਗਿ ਵਡਿੰਜ਼ | |
|---|---|
| **1 ਫਰਵਰੀ–30 ਮਾਰਚ:** | ELPA21 |
| **5 ਮਾਰਚ–8 ਜੂਨ:** | ਸਮਾਰਟਰ ਬੈਲੈਂਸਡ (Smarter Balanced) |
| **4 ਮਈ–8 ਜੂਨ:** | ਵਗਿਆਿਨ |

*OSPI ਉੱਪਰ ਸੂਚੀਬੱਧ ਸਾਰੇ ਟੈਸਟਾਂ ਲਈ ਸਕੋਰ ਰਿਪੋਰਟਾਂ ਮੁਹੱਈਆ ਕਰਦਾ ਹੈ। ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਸਕੂਲ ਡਿਸਟ੍ਰਿਕਟ ਨੂੰ ਸੰਪਰਕ ਕਰੋ।*

## ਰਾਜ ਦੇ ਟੈਸਟ ਦੇ ਅੰਕਾਂ ਦਾ ਕੀ ਮਤਲਬ ਹੈ?

ਪੱਧਰ **4** — **ਸਫ਼ਲਤਾ ਮਆਿਰ ਤੋਂ ਉੱਪਰ:** ਇੱਕ ਵਸ਼ਿੇ ਵਚਿ ਗਆਿਨ ਅਤੇ ਕੁਸ਼ਲਤਾ ਦੀ ਮਹਾਰਤ ਵੱਲ ਉਚੇਰੀ ਤਰੱਕੀ ਦਰਸਾਉਂਦਾ ਹੈ।

ਪੱਧਰ **3** — **ਸਫ਼ਲਤਾ ਮਆਿਰ ਦੀ ਪ੍ਰਾਪਤੀ:** ਇੱਕ ਵਸ਼ਿੇ ਵਚਿ ਗਆਿਨ ਅਤੇ ਕੁਸ਼ਲਤਾ ਦੀ ਮਹਾਰਤ ਵੱਲ ਤਰੱਕੀ ਦਰਸਾਉਂਦਾ ਹੈ।

ਪੱਧਰ **2** — **ਸਫ਼ਲਤਾ ਮਆਿਰ ਦੀ ਨਜ਼ਦੀਕੀ ਪ੍ਰਾਪਤੀ:** ਇੱਕ ਵਸ਼ਿੇ ਵਚਿ ਗਆਿਨ ਅਤੇ ਕੁਸ਼ਲਤਾ ਦਰਸਾਉਣ ਲਈ ਹੋਰ ਵਕਿਾਸ ਦੀ ਜ਼ਰੂਰਤ ਹੋ ਸਕਦੀ ਹੈ।

ਪੱਧਰ **1** — **ਸਫ਼ਲਤਾ ਮਆਿਰ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ:** ਇੱਕ ਵਸ਼ਿੇ ਵਚਿ ਗਆਿਨ ਅਤੇ ਕੁਸ਼ਲਤਾ ਦਰਸਾਉਣ ਲਈ ਮਹੱਤਵਪੂਰਨ ਵਕਿਾਸ ਦੀ ਜ਼ਰੂਰਤ ਹੈ।

Office of Superintendent of Public Instruction
Old Capitol Building
P.O. Box 47200
Olympia, WA 98504-7200

ਸਤੰਬਰ 2017, ਪ੍ਰਕਾਸ਼ਨ ਸੰ. 17-0033